# ਆਫ਼ਿਸ ਔਫ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO)

**OIDO, U.S. ਡਿਪਾਰਟਮੈਂਟ ਔਫ਼ ਹੋਮਲੈਂਡ ਸਕਿਉਰਿਟੀ (DHS) ਦੇ ਅਧੀਨ ਇਮੀਗ੍ਰੇਸ਼ਨ ਬੰਦੀ ਦੀਆਂ ਸਥਿਤੀਆਂ ਸੰਬੰਧਿਤ ਮਾਮਲਿਆਂ ਦੇ ਲਈ ਇੱਕ ਸੁਤੰਤਰ, ਨਿਰਪੱਖ ਅਤੇ ਗੁਪਤ ਸੰਸਾਧਨ ਹੈ।**

## ਲੋਕਪਾਲ/ਓਮਬਡਸਮੈਨ (Ombudsman) ਕੀ ਹੁੰਦਾ ਹੈ?

ਲੋਕਪਾਲ/ਓਮਬਡਸਮੈਨ (Ombudsman) ਇੱਕ ਨਿਯੁਕਤ ਸਰਕਾਰੀ ਅਧਿਕਾਰੀ ਹੁੰਦਾ ਹੈ, ਜਿਸਦਾ ਕਰਤੱਵ ਇੱਕ ਗੁਪਤ ਅਤੇ ਨਿਰਪੱਖ ਤੀਜੀ ਧਿਰ ਹੋਣਾ ਹੈ, ਜੋ ਸ਼ਿਕਾਇਤਾਂ, ਸਮੱਸਿਆਵਾਂ, ਜਾਂ ਗਲਤਫਹਿਮੀਆਂ ਨੂੰ ਸਭ ਤੋਂ ਹੇਠਲੇ ਪੱਧਰ 'ਤੇ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ।

## OIDO ਕੀ ਹੈ?

OIDO, U.S. ਇਮੀਗ੍ਰੇਸ਼ਨ ਐਂਡ ਕਸਟਮਜ਼ ਇੰਫੋਰਸਮੈਂਟ (ICE) ਜਾਂ U.S. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (CBP) ਦਾ ਭਾਗ ਨਹੀਂ ਹੈ। ਅਸੀਂ DHS ਹੈੱਡਕੁਆਟਰਾਂ ਦੇ ਅੰਦਰ ਸੁਤੰਤਰ ਦਫ਼ਤਰ ਹਾਂ। OIDO ਸੁਤੰਤਰ ਤੌਰ 'ਤੇ ਅਤੇ ਨਿਰਪੱਖ ਤੌਰ 'ਤੇ ਉਨ੍ਹਾਂ ਕੇਸਾਂ ਦੀ ਸਮੀਖਿਆ ਕਰਦਾ ਹੈ, ਜੋ ਇਮੀਗ੍ਰੇਸ਼ਨ ਬੰਦੀਆਂ, ਉਨ੍ਹਾਂ ਦੇ ਪਰਿਵਾਰਾਂ, ਉਨ੍ਹਾਂ ਦੇ ਪ੍ਰਤੀਨਿਧੀਆਂ, ਜਾਂ ਜਨਤਾ ਨਾਲ ਸੰਬੰਧਿਤ ਮੈਂਬਰਾਂ ਦੁਆਰਾ ਦਾਖਲ ਕੀਤੇ ਜਾਂਦੇ ਹਨ। ਅਸੀਂ ਆਪਣੇ ਸਟੇਕਹੋਲਡਰਾਂ ਅਤੇ ਭਾਗੀਦਾਰਾਂ ਦੇ ਨਾਲ ਮਿਲਕੇ ਕੰਮ ਕਰਦੇ ਹਾਂ ਤਾਂਕਿ ਉਨ੍ਹਾਂ ਸੰਭਾਵਿਤ ਘਟਨਾਵਾਂ, ਜੋ ਇਮੀਗ੍ਰੇਸ਼ਨ ਬੰਦੀ ਦੌਰਾਨ ਵਾਪਰੀਆਂ ਸਨ, ਦੇ ਬਾਰੇ ਸ਼ਿਕਾਇਤਾਂ ਵਾਲੇ ਵਿਅਕਤੀਆਂ ਦੀ ਕੁਸ਼ਲਤਾਪੂਰਵਕ ਅਤੇ ਪ੍ਰਭਾਵੀ ਢੰਗ ਨਾਲ ਸਹਾਇਤਾ ਕੀਤੀ ਜਾ ਸਕੇ ਅਤੇ ਇਹ ਨਿਰਧਾਰਤ ਕਰਦੇ ਹਾਂ ਕਿ ਕੀ ਅਸੀਂ ਸਹਾਇਤਾ ਦੇ ਮੁਹੱਈਆ ਕਰ ਸਕਦੇ ਹਾਂ?

### ਅਸੀਂ ਇਸ ਵਿੱਚ ਮੱਦਦ ਕਰ ਸਕਦੇ ਹਾਂ:

- ਕਾਨੂੰਨ ਦੀ ਉਲੰਘਣਾ, ਪੇਸ਼ੇਵਰ ਆਚਰਨ ਦੇ ਮਿਆਰ, ਬੰਦੀ ਮਿਆਰ, ਜਾਂ ਇਮੀਗ੍ਰੇਸ਼ਨ ਬੰਦੀ ਸੰਬੰਧਿਤ ਨੀਤੀਆਂ।
- DHS ਕਰਮਚਾਰੀਆਂ ਜਾਂ ਠੇਕੇਦਾਰਾਂ ਦੁਆਰਾ ਸੰਭਾਵਿਤ ਅਯੋਗ ਵਰਤਾਅ।
- DHS ਕਰਮਚਾਰੀਆਂ ਜਾਂ ਠੇਕੇਦਾਰਾਂ ਦੁਆਰਾ ਅਤਿ-ਅਧਿਕ ਬਲ ਪ੍ਰਯੋਗ।
- ਇਮੀਗ੍ਰੇਸ਼ਨ ਬੰਦੀ ਕੇਂਦਰਾਂ (facilities) ਦੇ ਅੰਦਰ ਸਥਿਤੀਆਂ ਸੰਬੰਧਿਤ ਹੋਰ ਚਿੰਤਾਵਾਂ
- ਕਿਸੀ ਵਿਅਕਤੀ ਬੰਦੀ ਦੇ ਅਧਿਕਾਰਾਂ ਦੀ ਉਲੰਘਣਾ।

### ਅਸੀਂ ਇਹ ਨਹੀਂ ਕਰ ਸਕਦੇ ਹਾਂ:

- ਬੰਦੀ ਵਿਅਕਤੀ ਦੀ ਇਜਾਜ਼ਤ ਤੋਂ ਬਿਨ੍ਹਾਂ ਕੇਸ ਬਾਰੇ ਬੰਦੀ ਜਾਂ ਉਸਦੇ ਪ੍ਰਤੀਨਿਧਾਂ ਤੋਂ ਇਲਾਵਾ ਕਿਸੇ ਹੋਰ ਨਾਲ ਗੱਲਬਾਤ।
- ਰਿਮੂਵਲ ਕੇਸਾਂ, ਬਾਂਡ ਜਾਂ ਪੈਰੋਲ ਲਈ ਬੇਨਤੀਆਂ, ਰਿਹਾਈ ਲਈ ਬੇਨਤੀਆਂ, ਜਾਂ ਐਡਮਿਸ਼ਨ ਜਾਂ ਰਿਮੂਵਲ ਸੰਬੰਧਿਤ ਕਿਸੇ ਹੋਰ ਮੁੱਦਿਆਂ ਦੀ ਸਮੀਖਿਆ।
- ਵਿਅਕਤੀ ਨੂੰ ਵਰਤਮਾਨ ਵਿੱਚ ਬੰਦੀ ਬਣਾਇਆ ਗਿਆ ਹੈ ਜਾਂ ਪਹਿਲਾਂ ਬੰਦੀ ਬਣਾਇਆ ਗਿਆ ਸੀ ਦੇ ਕਾਰਨ ਦੀ ਸਮੀਖਿਆ।
- ਕਾਨੂੰਨੀ ਸਲਾਹ ਦੇਣਾ।

## ਸਹਾਇਤਾ ਦੀ ਬੇਨਤੀ ਕਿਵੇਂ ਕਰਨੀ ਹੈ

**OIDO ਕੇਸ ਮੈਨੇਜ਼ਰ ਅਕਸਰ ਬੰਦੀਆਂ ਦੇ ਨਾਲ ਗੁਪਤ ਤੌਰ 'ਤੇ ਗੱਲਬਾਤ ਕਰਨ ਅਤੇ ਉਨ੍ਹਾਂ ਨੂੰ ਸੁਣਨ ਦੇ ਲਈ ਇਸ ਕੇਂਦਰ ਵਿੱਚ ਜਾਣਗੇ।**

**ਤੁਸੀਂ ਕਿਸੇ ਵੀ ਚਿੰਤਾ ਨੂੰ ਹੱਲ ਕਰਨ ਲਈ ਸਹਾਇਤਾ ਵਾਸਤੇ ਕਿਸੇ ਵੀ ਸਮੇਂ ਕੇਸ ਮੈਨੇਜਰ ਨੂੰ ਸਹਾਇਤਾ ਦੀ ਬੇਨਤੀ ਕਰ ਸਕਦੇ ਹੋ।**

**ਤੁਸੀਂ ਸਹਾਇਤਾ ਦੀ ਬੇਨਤੀ ਕਰਨ ਵਾਸਤੇ OIDO ਦੇ ਕੇਸ ਮੈਨੇਜ਼ਰ ਨੂੰ ਸੰਪਰਕ ਕਰਨ ਲਈ ਕੇਂਦਰ ਸਟਾਫ਼ (facility staff) ਦੀ ਮੱਦਦ ਲੈ ਸਕਦੇ ਹੋ।**

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ

dhs.gov/office-immigration-detention-ombudsman